# ਟੈਸਟਿੰਗ

ਜਿਨ੍ਹਾਂ ਬਾਲਗਾਂ ਅਤੇ ਬੱਚਿਆਂ ਨੂੰ ਕੋਵਿਡ-19 ਦੇ ਲੱਛਣ ਨਹੀਂ ਹਨ, ਉਨ੍ਹਾਂ ਲਈ ਕੋਵਿਡ-19 ਟੈਸਟਿੰਗ ਦੀ ਸਿਫ਼ਾਰਸ਼ ਨਹੀਂ ਕੀਤੀ ਜਾਂਦੀ ਹੈ। ਇੱਕ ਕੋਵਿਡ-19 ਟੈਸਟ ਦੀ ਸਿਫ਼ਾਰਸ਼ ਸਿਰਫ਼ ਉਦੋਂ ਕੀਤੀ ਜਾਂਦੀ ਹੈ ਜਦੋਂ ਇਸਦਾ ਨਤੀਜਾ ਤੁਹਾਡੇ ਇਲਾਜ ਜਾਂ ਦੇਖਭਾਲ ਬਾਰੇ ਫੈਸਲਿਆਂ ਨੂੰ ਸੂਚਿਤ ਕਰਨ ਵਿੱਚ ਮਦਦ ਕਰੇਗਾ। ਟੈਸਟਿੰਗ ਦੀ ਲੋੜ ਕਿਸ ਨੂੰ ਹੈ ਬਾਰੇ ਹੋਰ ਜਾਣਕਾਰੀ ਲਈ, ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ: ਕੋਵਿਡ-19 ਲਈ ਟੈਸਟਿੰਗ ਵੇਖੋ।

ਕਈ ਲੱਛਣ ਹੋਰ ਅਵਸਥਾਵਾਂ ਜਾਂ ਮੈਡੀਕਲ ਸਮੱਸਿਆਵਾਂ ਦੇ ਸੰਕੇਤ ਹੋ ਸਕਦੇ ਹਨ ਅਤੇ ਤੁਹਾਨੂੰ ਮੈਡੀਕਲ ਦੇਖਭਾਲ ਮੰਗਣ ਦੀ ਲੋੜ ਹੋ ਸਕਦੀ ਹੈ, ਭਾਵੇਂ ਉਹ ਕੋਵਿਡ-19 ਨਾਲ ਸੰਬੰਧਤ ਨਹੀਂ ਹੈ। ਜੇ ਤੁਸੀਂ ਬਿਮਾਰ ਮਹਿਸੂਸ ਕਰਦੇ ਹੋ ਅਤੇ ਆਪਣੇ ਲੱਛਣਾਂ ਬਾਰੇ ਅਨਿਸ਼ਚਿਤ ਹੋ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ, ਜਾਂ **8-1-1** ਤੇ ਫੋਨ ਕਰੋ।

## ਬੱਚਿਆਂ ਅਤੇ ਕਿਸ਼ੋਰਾਂ ਲਈ ਟੈਸਟਿੰਗ

ਜੇਕਰ ਤੁਹਾਡੇ ਬੱਚੇ ਵਿੱਚ ਕੋਵਿਡ-19 ਦੇ ਲੱਛਣ ਹਨ, ਤਾਂ ਜਾਂਚ ਕਰੋ ਕਿ ਕੀ ਉਹਨਾਂ ਨੂੰ ਟੈਸਟਿੰਗ ਦੀ ਲੋੜ ਹੈ। ਜੇ ਤੁਹਾਡੇ ਬੱਚੇ ਦੀ ਉਮਰ 3 ਮਹੀਨਿਆਂ ਤੋਂ ਘੱਟ ਹੈ ਅਤੇ ਉਸ ਨੂੰ ਬੁਖਾਰ ਹੈ, ਜਾਂ ਬਿਮਾਰੀ ਦੇ ਲੱਛਣ ਦਿਖਾਉਂਦਾ ਹੈ, ਤਾਂ ਉਹਨਾਂ ਨੂੰ ਸਿਹਤ ਸੰਭਾਲ ਪ੍ਰਦਾਤਾ ਦੁਆਰਾ ਦੇਖਿਆ ਜਾਣਾ ਚਾਹੀਦਾ ਹੈ। ਹੋਰ ਜਾਣਕਾਰੀ ਲਈ, ਬੀਸੀ ਸੈਂਟਰ ਫੌਰ ਡਿਜ਼ੀਜ਼ ਕੰਟਰੋਲ: ਬੱਚਿਆਂ ਵਿੱਚ ਕੋਵਿਡ-19 ਬਿਮਾਰੀ 'ਤੇ ਜਾਓ।

## ਰੈਪਿਡ ਐਂਟੀਜਨ ਟੈਸਟ

ਇਹ ਪਤਾ ਲਗਾਉਣ ਲਈ ਕਿ ਕੀ ਤੁਹਾਨੂੰ ਕੋਵਿਡ-19 ਹੈ, ਘਰ ਵਿੱਚ ਇੱਕ ਰੈਪਿਡ ਐਂਟੀਜਨ ਟੈਸਟ ਦੀ ਵਰਤੋਂ ਕਰੋ। ਨਤੀਜੇ 20 ਮਿੰਟਾਂ ਤੋਂ ਵੀ ਘੱਟ ਸਮੇਂ ਵਿੱਚ ਤਿਆਰ ਹੋ ਜਾਣਗੇ।

ਰੈਪਿਡ ਐਂਟੀਜੇਨ ਟੈਸਟ ਬਹੁਤ ਸਾਰੀਆਂ ਕਮਿਊਨਿਟੀ ਫਾਰਮੇਸੀਆਂ ਵਿੱਚ ਮੁਫ਼ਤ ਵਿੱਚ ਉਪਲਬਧ ਹਨ। ਤੁਹਾਨੂੰ ID ਦਿਖਾਉਣ ਦੀ ਲੋੜ ਨਹੀਂ ਹੈ। ਜੇਕਰ ਤੁਸੀਂ ਫਾਰਮੇਸੀ ਨਹੀਂ ਜਾ ਸਕਦੇ, ਤਾਂ ਕੋਈ ਦੋਸਤ ਜਾਂ ਪਰਿਵਾਰਕ ਮੈਂਬਰ ਤੁਹਾਡੇ ਲਈ ਇੱਕ ਟੈਸਟ ਕਿੱਟ ਲੈ ਸਕਦਾ ਹੈ।

ਜੇਕਰ ਤੁਸੀਂ ਯੋਗ ਹੋ ਤਾਂ ਇਲਾਜ ਕਰਵਾਉਣ ਲਈ ਪੌਜ਼ਿਟਿਵ ਟੈਸਟ ਸਵੀਕਾਰਯੋਗ ਹੈ।

ਰੈਪਿਡ ਟੈਸਟਿੰਗ ਕਿੱਟ ਦੀ ਵਰਤੋਂ ਕਿਵੇਂ ਕਰਨੀ ਹੈ ਅਤੇ ਟੈਸਟ ਦੇ ਨਤੀਜਿਆਂ ਦਾ ਕੀ ਅਰਥ ਹੈ ਬਾਰੇ ਹੋਰ ਜਾਣੋ:

- ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ: ਘਰ ਵਿੱਚ ਰੈਪਿਡ ਟੈਸਟਿੰਗ
- ਬ੍ਰਿਟਿਸ਼ ਕੋਲੰਬੀਆ ਸਰਕਾਰ: ਰੈਪਿਡ ਐਂਟੀਜਨ ਟੈਸਟਿੰਗ ਕਿੱਟਾਂ

## ਯਾਤਰਾ ਲਈ ਟੈਸਟਿੰਗ

ਜੇਕਰ ਤੁਹਾਨੂੰ ਯਾਤਰਾ ਦੇ ਉਦੇਸ਼ਾਂ ਲਈ ਟੈਸਟ ਦੀ ਲੋੜ ਹੈ, ਤਾਂ ਤੁਹਾਨੂੰ ਇੱਕ ਪ੍ਰਾਈਵੇਟ ਕਲੀਨਿਕ ਵਿੱਚ ਟੈਸਟ ਲਈ ਭੁਗਤਾਨ ਕਰਨ ਦੀ ਲੋੜ ਹੋਵੇਗੀ। ਯਾਤਰਾ ਕਰਨ ਤੋਂ ਪਹਿਲਾਂ ਕੋਵਿਡ-19 ਲਈ ਸਕ੍ਰੀਨ ਕਰਨ ਵਾਸਤੇ ਟੈਸਟਿੰਗ ਪ੍ਰੋਵਿੰਸ਼ੀਅਲ ਹੈਲਥ-ਕੇਅਰ ਸਿਸਟਮ ਦੁਆਰਾ ਉਪਲਬਧ ਨਹੀਂ ਹੈ। ਪ੍ਰਾਈਵੇਟ ਪੇ ਕਲੀਨਿਕਾਂ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ ਬੀਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ: ਬੀ.ਸੀ. ਵਿੱਚ ਕੋਵਿਡ-19 ਟੈਸਟ ਕਿੱਥੇ ਕਰਵਾਉਣਾ ਹੈ 'ਤੇ ਜਾਓ।

## ਗੈਰ-ਐਮਐਸਪੀ (MSP) ਵਿਅਕਤੀਆਂ ਲਈ ਕੋਵਿਡ-19 ਟੈਸਟਿੰਗ

ਜੇਕਰ ਤੁਸੀਂ ਬੀ.ਸੀ. ਵਿੱਚ ਹੋ ਅਤੇ MSP ਕਵਰੇਜ ਲਈ ਯੋਗ ਨਹੀਂ ਹੋ, ਤਾਂ ਤੁਸੀਂ ਕੋਵਿਡ-19 ਦੇ ਇਲਾਜ ਲਈ ਸੂਬਾਈ ਤੌਰ 'ਤੇ ਬੀਮਾਯੁਕਤ ਸਿਹਤ-ਸੰਭਾਲ ਕਵਰੇਜ ਦੀ ਵਰਤੋਂ ਕਰਨ ਦੇ ਯੋਗ ਹੋ ਸਕਦੇ ਹੋ। ਇਹ ਸਿਹਤ ਸੰਭਾਲ ਕਵਰੇਜ ਕੋਵਿਡ-19 ਦੀ ਲਾਗ ਨਾਲ ਸਬੰਧਤ ਡਾਕਟਰੀ ਸੇਵਾਵਾਂ 'ਤੇ ਲਾਗੂ ਹੁੰਦੀ ਹੈ। ਜੇਕਰ ਤੁਸੀਂ MSP ਲਈ ਯੋਗ ਨਹੀਂ ਹੋ, ਤਾਂ ਕੋਵਿਡ-19 ਨਾਲ ਸੰਬੰਧਿਤ ਕੋਈ ਵੀ ਸੇਵਾਵਾਂ ਅਜੇ ਵੀ ਬੀਮਾ ਰਹਿਤ ਹਨ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਕਵਰੇਜ ਲਈ ਤੁਹਾਡੀ ਯੋਗਤਾ ਨਿਰਧਾਰਤ ਕਰੇਗਾ।

MSP ਬਾਰੇ ਹੋਰ ਜਾਣਕਾਰੀ ਅਤੇ ਕੋਵਿਡ-19 ਪ੍ਰਤੀ ਇਸਦੇ ਜਵਾਬ ਬਾਰੇ ਹੋਰ ਜਾਣਕਾਰੀ ਲਈ, ਵੇਖੋ:

- ਬ੍ਰਿਟਿਸ਼ ਕੋਲੰਬੀਆ ਸਰਕਾਰ: ਕਵਰੇਜ ਲਈ ਉਡੀਕ ਦੀ ਮਿਆਦ
- ਬ੍ਰਿਟਿਸ਼ ਕੋਲੰਬੀਆ ਸਰਕਾਰ: ਕੋਵਿਡ-19 ਪ੍ਰਤੀ MSP ਦਾ ਜਵਾਬ

## ਟੈਸਟ ਦੇ ਨਤੀਜੇ

ਆਪਣੇ ਟੈਸਟ ਦੇ ਨਤੀਜਿਆਂ ਅਤੇ ਆਪਣੇ ਟੈਸਟ ਦੇ ਨਤੀਜੇ ਪ੍ਰਾਪਤ ਕਰਨ ਤੋਂ ਬਾਅਦ ਕੀ ਕਰਨਾ ਹੈ ਬਾਰੇ ਹੋਰ ਜਾਣਨ ਲਈ, ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ: ਟੈਸਟ ਦੇ ਨਤੀਜਿਆਂ ਨੂੰ ਸਮਝਣਾ 'ਤੇ ਜਾਓ।

**ਆਖਰੀ ਵਾਰੀ ਅੱਪਡੇਟ ਕੀਤਾ ਗਿਆ:** 30 ਜੂਨ, 2023

ਉੱਤੇ ਦਿੱਤੀ ਗਈ ਜਾਣਕਾਰੀ 28 ਜੂਨ, 2023 ਨੂੰ ਪਹੁੰਚ ਪ੍ਰਾਪਤ ਕੀਤੇ ਗਏ ਬੀਸੀਸੀਡੀਸੀ: ਘਰ ਵਿੱਚ ਰੈਪਿਡ ਟੈਸਟਿੰਗ, ਬੀਸੀਸੀਡੀਸੀ: ਟੈਸਟਿੰਗ, ਬੀਸੀਸੀਡੀਸੀ: ਟੈਸਟ ਰਿਜ਼ਲਟਸ, ਬੀਸੀਸੀਡੀਸੀ: ਟੈਸਟ ਦੇ ਨਤੀਜਿਆਂ ਨੂੰ ਸਮਝਣਾ ਅਤੇ ਬੀਸੀ ਸਰਕਾਰ: ਰੈਪਿਡ ਐਂਟੀਜਨ ਟੈਸਟਿੰਗ ਕਿੱਟਾਂ ਸਫਿਆਂ ਤੋਂ ਲਈ ਗਈ ਹੈ।